**Exam. Code : 107201**
**Subject Code : 1663**

**Bachelor of Computer Application (BCA) 1st Sem.**

**(Batch 2022-25)**

**PUNJABI COMPULSORY**

**Paper–VI (i)**

Time Allowed—3 Hours] [Maximum Marks—50

**ਨੋਟ** :— ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

downloaded from StudentSuvidha.com

**ਭਾਗ–ੳ**

1. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ
ਕੁਝ ਰੁੱਖ ਲੱਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ

2. 'ਛਿੰਦਾ ਪੁੱਤ' ਕਹਾਣੀ ਦਾ ਸਾਰ ਲਿਖੋ।



**ਭਾਗ–ਅ**

3. 'ਅਫਰੀਕਾ ਦੀ ਯਾਦ' ਦਾ ਸਾਰ ਲਿਖੋ।

4. 'ਹਿੰਦੁਸਤਾਨ ਛੋੜ ਦੋ' ਦਾ ਵਿਸ਼ਾ-ਵਸਤੂ ਲਿਖੋ।

**ਭਾਗ–ੲ**

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

(ੳ) ਸਮੇਂ ਦੀ ਮਹੱਤਤਾ

(ਅ) ਸੰਜਮਤਾ

(ੲ) ਅਨੁਸ਼ਾਸਨ ਅਨਪੜ੍ਹਤਾ।

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਸਿਰਫ਼ ਉਹੀ ਦੇਸ਼ ਅਮੀਰ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚਦੇ ਹਨ। ਜਿਹੜੀ ਕੌਮ ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲੇ ਜੀਵਨ ਨੂੰ ਚੰਗਾ ਮੰਨਦੀ ਹੈ ਉਸ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿੱਚ ਖਲੋਣਾ ਪੈਂਦਾ ਹੈ। ਨਸਲਾਂ ਦੀ ਚੰਗੀ ਮਾਨਸਿਕ ਅਵਸਥਾ ਉੱਤੇ ਹੀ ਉਨ੍ਹਾਂ ਦੀ ਖੁਸ਼ਹਾਲੀ ਨਿਰਭਰ ਕਰਦੀ ਹੈ। ਇਸ ਲਈ ਨਵਾਂ ਸੋਚਣ ਤੇ ਕਰਨ ਵਿੱਚ ਹੀ ਜੀਵਨ ਦੀ ਨਿਜ਼ਾਤ ਹੈ। ਦੇਸ਼ ਦੀ ਉੱਨਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖ਼ਿਆਲ ਦੁਨੀਆਂ ਨੂੰ ਦਿਓ। ਇਸ ਲਈ ਕੋਈ ਨਵੀਂ ਕਾਢ ਕੱਢੋ, ਨਵੀਂ ਸੋਚ ਸੋਚੋ ਅਤੇ ਨਵੇਂ ਅਮਲ ਕਰੋ।

(ੳ) ਕਿਹੜੇ ਦੇਸ਼ ਤਰੱਕੀ ਸਕਦੇ ਹਨ ?

(ਅ) ਕਿਸ ਕੌਮ ਦੀ ਉੱਨਤੀ ਰੁਕ ਜਾਂਦੀ ਹੈ ?

(ੲ) ਪੈਰ੍ਹੇ ਵਿਚੋਂ ਦੋ ਨਾਂਵ ਲੱਭੋ।

(ਸ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

(ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਭਾਗ–ਸ**

7. ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਸਪਸ਼ਟ ਕਰੋ।

8. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਪਛਾਣ-ਚਿੰਨ੍ਹ ਸਪਸ਼ਟ ਕਰੋ।



Download all NOTES and PAPERS at StudentSuvidha.com